National Research Journal of Social Sciences
Volume-11, Issue-1, January-June 2026
PP: 283-285
ISSN: 2348-473X
Peer Reviewed & Refereed Journal (IF: 6.74)
Journal Website: www.nrjss.in

# ਲਾਸਾਨੀ ਸ਼ਖ਼ਸੀਅਤ ਦੇ ਮਾਲਕ ਸ੍ਰੀ ਗੁਰੁ ਤੇਗ ਬਹਾਦਰ ਜੀ

**ਕੁਲਜੀਤ ਕੌਰ**

ਅਸਿਸਟੈਂਟ ਪ੍ਰੋਫ਼ੈਸਰ
ਪੰਜਾਬੀ ਵਿਭਾਗ, ਮਾਸਟਰ ਤਾਰਾ ਸਿੰਘ ਮੈਮੋਰੀਅਲ ਕਾਲਜ ਫ਼ਾਰ ਵਿਮੈਨ, ਲੁਧਿਆਣਾ।

**ਸਾਰਾਂਸ਼ :-**

ਸ੍ਰੀ ਗੁਰੂ ਤੇਗ ਬਹਾਦਰ ਜੀ ਪ੍ਰੇਮਭਗਤੀ ਦੇ ਪੁੰਜ, ਤਿਆਗ ਦੀ ਮੂਰਤੀ, ਧਰਮ ਰੱਖਿਅਕ, ਸ਼ਾਂਤੀ ਤੇ ਅਮਨ ਦੇ ਉਪਾਸਕ,ਪਰਉਪਕਾਰੀ,ਲਾਸਾਨੀ ਸ਼ਹੀਦ, ਹਿੰਦ ਦੀ ਚਾਦਰ, ਹਰਮਨ ਪਿਆਰੇ ਅਤੇ ਮਕਬੂਲ ਬਾਣੀਕਾਰ, ਨੌਵੀਂ ਜਾਗਦੀ ਜੋਤ ਦਾ ਜੀਵਨ ਸਮੁੱਚੇ ਭਾਰਤ ਨੂੰ ਆਤਮ ਜੀਵਨਦਾਨ ਦੇਣ ਅਤੇ ਸਿੱਖੀ ਦੇ ਮਹਾਨ ਬੂਟੇ ਨੂੰ ਆਪਣਾ ਖ਼ੂਨ ਦੇ ਕੇ ਮੁੜ ਸੁਰਜੀਤ ਕਰਨ ਵਾਲੀ ਅਦੁੱਤੀ ਸ਼ਖ਼ਸੀਅਤ ਹੋ ਨਿਬੜਿਆ ਹੈ। ਇਸ ਖੋਜ ਪੱਤਰ ਵਿੱਚ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਅਦੁੱਤੀ ਸ਼ਖ਼ਸੀਅਤ ਬਾਣੀ ਨੂੰ ਵਿਸ਼ਾ ਬਣਾ ਕੇ ਆਲੋਚਨਾਤਮਕ ਅਧਿਐਨ ਕੀਤਾ ਗਿਆ ਹੈ। ਗੁਰੂ ਜੀ ਦੀ ਸ਼ਹਾਦਤ ਦਾ ਮੁੱਖ ਮਕਸਦ ਕਿਸੇ ਇੱਕ ਕੌਮ ਜਾਂ ਧਰਮ ਲਈ ਕੁਰਬਾਨੀ ਦੇਣਾ ਹੀ ਨਹੀਂ ਸਗੋਂ ਸਾਰੇ ਧਰਮਾਂ ਨੂੰ ਸਮਾਨ ਅਧਿਕਾਰ ਅਤੇ ਸਮਾਨ ਇੱਜਤ ਦਿਵਾਉਣਾ ਸੀ। ਉਹਨਾਂ ਨੇ ਆਪਣੀ ਬਾਣੀ ਰਾਹੀਂ ਸਰਬ ਸਾਂਝੀਵਾਲਤਾ ਦਾ ਪਾਠ ਪੜ੍ਹਾਇਆ।ਧਰਮ ਨਿਰਪੱਖਤਾ ਗੁਰੂ ਜੀ ਦਾ ਮੁਢੱਲਾ ਪਹਿਲੂ ਸੀ ਜੋ ਅਜੋਕੇ ਸਮੇਂ ਵਿੱਚ ਵੀ ਧਰਮ ਦੇ ਨਾਮ ਤੇ ਫਿਰਕੂ-ਫਸਾਦਾਂ ਨੂੰ ਠੱਲ ਪਾਉਣ ਦਾ ਜ਼ਰੀਆ ਬਣਦਾ ਹੈ। ਗੁਰੂ ਜੀ ਦੀ ਬਾਣੀ ਅਨੇਕਤਾ ਵਿੱਚ ਏਕਤਾ ਦੇ ਦਰਸ਼ਨ ਕਰਵਾਉਂਦੀ ਹੈ ਅਤੇ ਫੋਕੇ ਕਰਮ-ਕਾਡਾਂ ਤੋਂ ਤੋਬਾ ਕਰਨ ਲਈ ਪ੍ਰੇਰਦੀ ਹੈ। ਗੁਰੂ ਜੀ ਦਾ ਬਲੀਦਾਨ ਇਸ ਲਈ ਵੀ ਮਹੱਤਵਪੂਰਨ ਹੋ ਜਾਂਦਾ ਹੈ ਕਿਉਂਕਿ ਸਵੈ-ਇੱਛਾ ਨਾਲ ਕੀਤੀ ਗਈ ਕੁਰਬਾਨੀ ਕੌਮ ਅੰਦਰ ਜਬਰ-ਜ਼ੁਲਮ ਵਿਰੁੱਧ ਡੱਟ ਕੇ ਖੜ੍ਹੇ ਹੋਣ ਦਾ ਹੌਂਸਲਾ ਪੈਦਾ ਕਰਦੀ ਹੈ। ਗੁਰੂ ਜੀ ਦੀ ਬਾਣੀ ਨੈਤਿਕ ਗੁਣਾਂ ਦੇ ਧਾਰਨੀ ਵੀ ਬਣਾਉਂਦੀ ਹੈ ਤੇ ਵਿਕਾਰਾਂ ਤੋਂ ਰਹਿਤ ਹੋ ਕੇ ਸਾਦਗੀ ਅਤੇ ਸਮੁੱਚਤਾ ਭਰਿਆ ਜੀਵਨ ਜੀਉਣ ਦਾ ਸੁਨੇਹਾ ਵੀ ਦਿੰਦੀ ਹੈ।ਇਸ ਲਈ ਗੁਰੂ ਜੀ ਦਾ ਸਮੁੱਚਾ ਜੀਵਨ ਪ੍ਰੇਰਨਾਦਾਇਕ ਹੋ ਨਿਬੜਿਆ ਹੈ।

ਮੁੱਖ ਸ਼ਬਦ :- ਗੁਰੂ ਤੇਗ ਬਹਾਦਰ, ਤਿਆਗ ਦੀ ਮੂਰਤੀ, ਲਾਸਾਨੀ ਸ਼ਹੀਦ, ਲਾਸਾਨੀ ਸ਼ਖ਼ਸੀਅਤ, ਸਰਬ-ਸਾਂਝੀਵਾਲਤਾ ਦੇ ਉਪਾਸਕ

ਠੀਕਰ ਫੋਰਿ ਦਿਲੀਸ ਸਿਰ ਪ੍ਰਭ ਕੀਯਾ ਪਯਾਨ

ਤੇਗ ਬਹਾਦਰ ਸੀ ਕ੍ਰਿਆ ਕਰੀ ਨ ਕਿਨਹੂੰ ਆਨ।

ਪ੍ਰੇਮ ਭਗਤੀ ਭਰਪੂਰ, ਤਿਆਗ ਦੀ ਮੂਰਤੀ, ਸ਼ਾਂਤੀ ਤੇ ਅਮਨ ਦੇ ਉਪਾਸਕ, ਪਰਉਪਕਾਰੀ, ਲਾਸਾਨੀ ਸ਼ਹੀਦ, ਹਿੰਦ ਦੀ ਚਾਦਰ, ਮਕਬੂਲ ਬਾਣੀਕਾਰ, ਨੌਵੀਂ ਪਾਤਸ਼ਾਹੀ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਜੀਵਨ ਸਮੁੱਚੇ ਸੰਸਾਰ ਵਿੱਚ ਆਤਮ-ਬਲ ਦਾ ਸੰਚਾਰ ਕਰਦਿਆਂ ਸਿੱਖੀ ਦੇ ਬੂਟੇ ਨੂੰ ਵਿਕਸਿਤ ਕਰਨ ਵਾਲੀ ਅਦੁੱਤੀ ਸ਼ਖ਼ਸੀਅਤ ਹੋ ਨਿਬੜਿਆ ਹੈ ਜੋ ਕਿ ਗੁਰੂ ਜੀ ਨੂੰ ਇੱਕ ਸੂਰਮੇ ਦੇ ਰੂਪ ਵਿੱਚ ਪਰਿਭਾਸ਼ਿਤ ਕਰਦੀ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਦੇ ਕਥਨ ਅਨੁਸਾਰ:-

ਜਾ ਕਉ ਹਰਿ ਰੰਗ ਲਾਗੋ ਇਸੁ ਜਗ ਮਹਿ ਸੋ ਕਹੀਅਤ ਹੈ ਸੂਰਾ

ਆਤਮ ਜਿਣੈ ਸਗਲ ਵਸਿ ਤਾ ਕੈ ਜਾ ਕਾ ਸਤਿਗੁਰੂ ਪੂਰਾ ।"[1]

ਗੁਰੂ ਜੀ ਦੁਆਰਾ ਉਚਾਰਿਆ ਇਹ ਕਥਨ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸੂਰਮੇ ਦੇ ਗੁਣ 'ਤੇ ਪੂਰੀ ਤਰ੍ਹਾਂ ਢੁੱਕਦਾ ਹੈ ।ਗੁਰੂ ਜੀ ਨੇ ਸ਼ਹਾਦਤ ਦਾ ਜੋ ਜਾਮ ਪੀਤਾ ਉਹ ਖ਼ੁਦਗਰਜੀ ਤੋਂ ਉੱਪਰ ਉੱਠ ਕੇ ਵਕਤ ਦੇ ਜ਼ੁਲਮ ਤੇ ਜ਼ਾਲਮ ਹਕੂਮਤ ਦੇ ਵਿਰੁੱਧ ਸੰਘਰਸ਼ ਕਰਨ ਦਾ ਪ੍ਰਤੀਕ ਹੈ। ਇੱਥੇ ਸ਼ਹੀਦੀ ਅਤੇ ਸ਼ਹਾਦਤ 'ਤੇ ਵੀ ਵਿਚਾਰਨਾ ਲਾਜ਼ਮੀ ਹੈ। ਸ਼ਹੀਦੀ ਅਤੇ ਸ਼ਹਾਦਤ ਦੋਵੇਂ ਅਰਬੀ ਭਾਸ਼ਾ ਦੇ ਸ਼ਬਦ ਹਨ। ਸ਼ਹਾਦਤ ਦੇਣ ਵਾਲਾ ਸ਼ਹੀਦ ਅਖਵਾਉਂਦਾ ਹੈ। ਸ਼ਹਾਦਤ ਤੋਂ ਬਿਨਾ ਸ਼ਹੀਦ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਕੁਰਾਨ ਸ਼ਰੀਫ ਵਿੱਚ ਸ਼ਬਦ ' ਸ਼ਹਦਾ' ਅਤੇ ' ਸ਼ਾਹਿਦ' ਸਮਾਨਾਰਥਕ ਸ਼ਬਦ ਦ ਰੂਪ ਵਿੱਚ ਸਾਹਮਣੇ ਆਏ ਹਨ, ਜਿਹਨਾਂ ਦਾ ਅਰਥ ਹੈ ' ਅੱਖੀਂ ਦੇਖ ਕੇ ਗਵਾਹੀ ਦੇਣਾ'।

ਐਨਸਾਇਕਲੋਪੀਡੀਆ ਆਫ਼ ਰਿਲੀਜਨ ਐਂਡ ਐਥਿਕਸ ਅਨੁਸਾਰ :- 'ਮੁਸਲਮਾਨ ਧਰਮ ਵਿੱਚ ਸ਼ਹੀਦ ਦੀ ਪਦਵੀ ਉਸਨੂੰ ਦਿੱਤੀ ਗਈ ਹੈ ਜੋ ਪਵਿੱਤਰ ਲੜਾਈ ਵਿੱਚ ਮਾਰਿਆ ਗਿਆ ਹੋਵੇ। ਇਹ ਸ਼ਬਦ ਕੁਰਬਾਨੀ ਜਾਂ ਬਲੀ ਦੇਣ ਵਾਸਤੇ ਵੀ ਵਰਤਿਆ ਜਾਂਦਾ ਹੈ । ਰੱਬ ਦੇ ਰਾਹ 'ਤੇ ਮਰਨ ਵਾਲੇ ਨੂੰ ਉੱਚੀ ਪਦਵੀ ਦਿੱਤੀ ਗਈ ਹੈ । ਡਾਕੂ ਨਾਲ ਲੜਦੇ ਸਮੇ ਜਾਂ ਨਮਾਜ ਅਦਾ ਕਰਨ ਸਮੇਂ ਮਰਨ ਵਾਲੇ ਨੂੰ ਸ਼ਹੀਦ ਦਾ ਨਾਂ ਦਿੱਤਾ ਗਿਆ ਹੈ।"[2]

ਸ਼ਹੀਦ ਉਹ ਹੈ ਜੋ ਡਰੇ, ਸਹਿਮੇ ਲੋਕਾਂ ਅੰਦਰ ਨਵੀਂ ਰੂਹ ਦਾ ਸੰਚਾਰ ਕਰਦਾ ਹੈ। ਉਸਦਾ ਡੁੱਲਿਆ ਖ਼ੂਨ ਵਿਅਰਥ ਨਹੀਂ ਜਾਂਦਾ ਸਗੋਂ ਆਉਣ ਵਾਲੀ ਪੀੜ੍ਹੀ ਲਈ ਚਾਨਣ ਮੁਨਾਰੇ ਦਾ ਕੰਮ ਕਰਦਾ ਹੈ। ਭਾਵੇਂ ਸਿੱਖ ਇਤਿਹਾਸ ਕੁਰਬਾਨੀਆਂ ਭਰਪੂਰ ਹੈ ਪਰ ਸ੍ਰੀ ਗੁਰੂ ਤੇਗ


© Copyright @ Authors

ISSN: 2348-473X
Peer Reviewed & Refereed Journal (IF: 6.74)
Journal Website: www.nrjss.in

ਬਹਾਦਰ ਜੀ ਦੀ ਸ਼ਹਾਦਤ ਅਦੁੱਤੀ ਅਤੇ ਅਨੋਖੀ ਹੈ, ਕਿਉਂਕਿ ਇਹ ਸ਼ਹਾਦਤ ਸਵੈ- ਇੱਛਤ, ਨਿਰਸੁਆਰਥ ਅਤੇ ਪਰਉਪਕਾਰ ਨਾਲ ਭਰਪੂਰ ਹੈ। ਗੁਰੂ ਜੀ ਨੇ ਹਿੰਦੂ ਧਰਮ ਦੀ ਰੱਖਿਆ ਲਈ ਜੋ ਕਦਮ ਚੁੱਕਿਆ ਉਹ ਉਹਨਾਂ ਦੀ ਸੋਚ ਦੇ ਦਾਇਰੇ ਨੂੰ ਵਿਆਪਕਤਾ ਪ੍ਰਦਾਨ ਕਰਦਾ ਹੈ।ਗੁਰੂ ਜੀ ਨੇ ਸਭ ਧਰਮਾਂ ਦੀ ਸਰਬ ਸਾਂਝੀਵਾਲਤਾ ਨੂੰ ਆਪਣੇ ਕਲਾਵੇ ਵਿੱਚ ਸਮਾ ਕੇ ਧਰਮ ਨੂੰ ਨਿੱਜੀ ਸੁਤੰਤਰਤਾ ਦੀ ਆਜ਼ਾਦੀ ਲਈ ਖੁੱਲ੍ਹਾ ਸੰਕੇਤ ਪ੍ਰਦਾਨ ਕੀਤਾ ਹੈ।

ਪ੍ਰਗਟ ਭਏ ਗੁਰੂ ਤੇਗ ਬਹਾਦਰ,

ਸਗਲ ਦ੍ਰਿਸ਼ਟਿ ਪੈ ਢਾਪੀ ਚਾਦਰ।

ਕਰਮ ਧਰਮ ਦੀ ਜਿਨਿ ਪਤਿ ਰਾਖੀ,

ਅਟਲ ਕਰੀ ਕਲਿਜੁਗ ਮੇਂ ਸਾਕੀ।"[3]

ਅਜਿਹੀ ਲਾਸਾਨੀ ਸ਼ਖ਼ਸੀਅਤ ਦਾ ਜਨਮ ਸਿੱਖਾਂ ਦੇ ਛੇਵੇਂ ਗੁਰੂ ਸ੍ਰੀ ਗੁਰੂ ਹਰਿਗੋਬਿੰਦ ਜੀ ਦੇ ਗ੍ਰਹਿ ਵਿਖੇ ਮਾਤਾ ਨਾਨਕੀ ਜੀ ਦੀ ਕੁਖੋਂ ਸ੍ਰੀ ਅੰਮ੍ਰਿਤਸਰ ਵਿਖੇ 1 ਅਪ੍ਰੈਲ 1621 ਈ ਨੂੰ ਅਵਤਾਰ ਧਾਰਿਆ। ਚੌਥੀ ਪਾਤਸ਼ਾਹੀ ਸ੍ਰੀ ਗੁਰੁ ਰਾਮਦਾਸ ਜੀ ਆਪ ਜੀ ਦੇ ਪੜਦਾਦਾ ਜੀ, ਪੰਜਵੀਂ ਪਾਤਸ਼ਾਹੀ ਸ੍ਰੀ ਗੁਰੂ ਅਰਜਨ ਦੇਵ ਜੀ ਆਪ ਜੀ ਦੇ ਦਾਦਾ ਜੀ ਸਨ ਅਤੇ ਦਸਵੀਂ ਪਾਤਸ਼ਾਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਆਪ ਜੀ ਦੇ ਸਪੁੱਤਰ ਹੋਏ। ਇਸ ਪ੍ਰਕਾਰ ਆਪ ਦਾ ਬਚਪਨ ਸਿੱਖ ਧਰਮ ਦੀ ਛਤਰ- ਛਾਇਆ ਹੇਠ ਬੀਤਿਆ। ਬਚਪਨ ਵਿੱਚ ਆਪ ਦਾ ਨਾਮ 'ਤਿਆਗ 'ਮੱਲ ਸੀ ਪਰ ਪਹਿਲੇ ਹੀ ਯੁੱਧ ਵਿੱਚ ਗੁਰੂ ਜੀ ਨੇ ਆਪਣੀ ਤਲਵਾਰ ਦੇ ਅਜਿਹੇ ਜੌਹਰ ਵਿਖਾਏ ਕਿ ਆਪ ਦੇ ਪਿਤਾ ਜੀ ਨੇ ਆਪ ਦਾ ਨਾਂ 'ਤੇਗ ਬਹਾਦਰ'ਰੱਖ ਦਿੱਤਾ। ਗੁਰੂ ਜੀ ਆਪਣੇ ਨਾਂ ਤਿਆਗ ਮੱਲ ਦੀ ਤਰ੍ਹਾਂ ਤਿਆਗ ਦੀ ਮੂਰਤੀ ਸਨ ਕਿਉਂਕਿ ਆਪ ਤੋਂ ਪਹਿਲਾਂ ਸੱਤਵੀਂ ਪਾਤਸ਼ਾਹੀ ਹਰਿ ਰਾਇ ਜੀ ਅਤੇ ਅੱਠਵੀਂ ਪਾਤਸ਼ਾਹੀ ਸ੍ਰੀ ਹਰਿਕ੍ਰਿਸ਼ਨ ਜੀ ਗੁਰਗੱਦੀ 'ਤੇ ਸੁਸ਼ੋਭਿਤ ਹੋਏ ਪਰ ਆਪ ਨੂੰ ਕੋਈ ਅਫ਼ਸੋਸ ਨਾ ਹੋਇਆ ਅਤੇ ਬਾਬਾ ਬਕਾਲਾ ਵਿਖੇ ਤਿਆਗ, ਦਇਆ ਦੀ ਮੂਰਤੀ ਅਤੇ ਸ਼ਾਂਤੀ ਦੇ ਪੁੰਜ ਬਣੇ ਨਾਮ ਸਿਮਰਨ ਵਿੱਚ ਰੁੱਝੇ ਰਹੇ। ਇੱਥੇ ਮੱਖਣ ਸ਼ਾਹ ਲੁਬਾਣੇ ਨੇ ' ਗੁਰੂ ਲਾਧੋ ਰੇ'ਦੇ ਸ਼ਬਦਾਂ ਨਾਲ ਨੌਵੀਂ ਪਾਤਸ਼ਾਹੀ ਨੂੰ ਸਨਮੁੱਖ ਪੇਸ਼ ਕੀਤਾ। ਗੁਰੂ ਜੀ ਦੀ ਸ਼ਖ਼ਸੀਅਤ ਬਾਰੇ ਡਾਕਟਰ ਤਰਲੋਚਨ ਸਿੰਘ ਇਉਂ ਲਿਖਦੇ ਹਨ :-

"ਬਚਪਨ ਵਿਚ ਗੁਰੂ ਤੇਗ ਬਹਾਦਰ ਇਕਾਂਤ, ਪਰੰਤੂ ਚੁੱਪ ਸਨ। ਉਹ ਖ਼ਾਮੋਸ਼ ਅਤੇ ਸਮਾਧੀ ਵਿਚ ਰਹਿਣਾ ਪਸੰਦ ਕਰਦੇ ਸਨ, ਪਰੰਤੂ ਸਿਖਿਆ ਲੈਣ ਵਿਚ ਬੜੇ ਤੀਬਰ ਅਤੇ ਕਾਹਲੇ ਸਨ।........ਬਚਪਨ ਤੋਂ ਹੀ ਉਹ ਬੜੇ ਕੋਮਲ, ਗ਼ਰੀਬ-ਗੁਰਬੇ, ਦੁਖੀਆਂ ਦੀ ਸਾਰ ਲੈਣ ਤੇ ਹਰੇਕ ਜੀਵ ਨਾਲ ਹਮਦਰਦੀ ਰੱਖਣ ਵਾਲੇ ਸਨ।"[4]

ਗੁਰੂ ਜੀ ਦੀ ਲਾਸਾਨੀ ਸ਼ਖ਼ਸੀਅਤ ਉਦੋਂ ਹੋਰ ਵੀ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਹੁੰਦੀ ਹੈ ਜਦੋਂ ਕਸ਼ਮੀਰੀ ਪੰਡਿਤ ਔਰੰਗਜ਼ੇਬ ਦੇ ਅਤਿਆਚਾਰ ਤੋਂ ਦੁੱਖੀ ਹੋ ਕੇ ਗੁਰੂ ਜੀ ਕੋਲ ਪਹੁੰਚੇ ਤਾਂ ਗੁਰੂ ਜੀ ਨੇ ਭਾਰਤੀ ਸਭਿਆਚਾਰ ਦੀ ਰਾਖੀ ਲਈ ਸਵੈ-ਬਲੀਦਾਨ ਨੂੰ ਪਹਿਲ ਦਿੱਤੀ ਕਿਉਂਕਿ ਉਹਨਾਂ ਦਾ ਵਿਸ਼ਵਾਸ਼ ਸੀ ਕਿ ਕਾਇਰ ਲੋਕਾਂ ਅੰਦਰ ਨਿਰਭੈਅਤਾ ਦੇ ਬੀਜ ਨੂੰ ਬੀਜਿਆ ਜਾ ਸਕਦਾ ਹੈ :-

ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਅਨ॥

ਕਹੁ ਨਾਨਕ ਸੁਨਿ ਹੇ ਮਾਨ ਗਿਆਨੀ ਤਾਹਿ ਬਖਾਨਿ॥[5]

ਗੁਰੂ ਜੀ ਨੂੰ ਸ਼ਹੀਦ ਕਰਨ ਤੋਂ ਪਹਿਲਾਂ ਉਹਨਾਂ ਦੇ ਪਿਆਰੇ ਸਿੱਖਾਂ ਨੂੰ ਤਸ਼ਦੱਦ ਭਰੇ ਵਤੀਰੇ ਦਾ ਸਾਹਮਣਾ ਕਰਨਾ ਪਿਆ। ਭਾਈ ਮਤੀ ਜੀ, ਭਾਈ ਸਤੀ ਦਾਸ ਜੀ ਅਤੇ ਭਾਈ ਦਿਆਲਾ ਜੀ ਨੂੰ ਗੁਰੂ ਜੀ ਦੇ ਸਨਮੁੱਖ ਸ਼ਹੀਦ ਕੀਤਾ ਗਿਆ ਤਾਂ ਜੋ ਕਿ ਗੁਰੂ ਜੀ ਡੋਲ ਜਾਣ ਤੇ ਮੁਸਲਮਾਨ ਧਰਮ ਨੂੰ ਕਬੂਲ ਕਰ ਲੈਣ ਪਰ ਗੁਰੂ ਜੀ ਅਡੋਲ ਰਹੇ ਤਾਂ ਜੋ ਸਹਿਮੀ ਜਨਤਾ ਨਿਡਰ ਹੋਣ ਦੇ ਗੁਣ ਨੂੰ ਪ੍ਰਫੁਲਿਤ ਕੀਤਾ ਜਾ ਸਕੇ। ਅੰਤ 11 ਨਵੰਬਰ 1675 ਈ ਨੂੰ ਗੁਰੂ ਜੀ ਦਾ ਧੜ, ਸਰੀਰ ਨਾਲੋਂ ਵੱਖ ਕਰਕੇ ਚਾਂਦਨੀ ਚੌਕ, ਦਿੱਲੀ ਵਿਖੇ ਸ਼ਹੀਦ ਕਰ ਦਿੱਤਾ ਗਿਆ। ਜਿੱਥੇ ਭਾਈ ਜੈਤਾ ਜੀ ਨੇ ਗੁਰੂ ਜੀ ਦੇ ਸੀਸ ਨੂੰ ਸ੍ਰੀ ਅਨੰਦਪੁਰ ਸਾਹਿਬ ਵਿਖੇ ਪਹੁੰਚਾ ਕੇ 'ਰੰਗਰੇਟਾ ਗੁਰੂ ਕਾ ਬੇਟਾ' ਦਾ ਮਾਣ ਹਾਸਿਲ ਕੀਤਾ ਉੱਥੇ ਹੀ ਭਾਈ ਲੱਖੀ ਸ਼ਾਹ ਜੀ ਨੇ ਗੁਰੂ ਜੀ ਦੇ ਧੜ ਦਾ ਸਤਿਕਾਰ ਕਰਦਿਆਂ ਆਪਣੇ ਹੀ ਘਰ ਵਿੱਚ ਧੜ ਰੱਖ ਕੇ ਘਰ ਨੂੰ ਅੱਗ ਲਗਾ ਦਿੱਤੀ ਅਤੇ ਪਾਵਨ ਦੇਹ ਦਾ ਸਸਕਾਰ ਕਰਕੇ ਮੁਗਲਾਂ ਦੀਆਂ ਅੱਖਾਂ ਵਿੱਚ ਘੱਟਾ ਪਾ ਦਿੱਤਾ। ਗੁਰੂ ਗੋਬਿੰਦ ਸਿੰਘ ਜੀ ਆਪਣੀ ਰਚਨਾ 'ਬਚਿੱਤਰ ਨਾਟਕ' ਵਿੱਚ ਇਸ ਪ੍ਰਕਾਰ ਬਿਆਨ ਕਰਦੇ ਹਨ :-

ਤਿਲਕ ਜੰਞੂ ਰਾਖਾ ਪ੍ਰਭ ਤਾ ਕਾ,

ਕੀਨੋ ਬਡੋ ਕਲੂ ਮਹਿ ਸਾਕਾ॥

ਸਾਧਨ ਹੇਤਿ, ਇਤੀ ਜਨਿ ਕਰੀ,

ਸੀਸੁ ਦੀਆ ਪਰ ਸੀ ਨ ਉਚਰੀ॥[6]

ਗੁਰੂ ਜੀ ਦੀ ਸ਼ਖ਼ਸੀਅਤ ਜਿੱਥੇ ਅਦਭੁੱਤ ਗੁਣਾਂ ਦੀ ਧਾਰਨੀ ਹੈ ਉੱਥੇ ਹੀ ਉਹਨਾਂ ਦੀ ਬਾਣੀ ਨੈਤਿਕਤਾ ਦੇ ਗੁਣਾਂ ਦੀ ਧਾਰਨੀ ਅਤੇ ਸਮਕਾਲੀ ਸਮੇਂ ਦੇ ਹਾਣ ਦੀ ਵੀ ਹੈ।ਉਹਨਾਂ ਨੇ 57 ਸਲੋਕ ਅਤੇ 59 ਸ਼ਬਦਾਂ ਦੀ ਰਚਨਾ ਕੀਤੀ। ਸਮੁੱਚੀ ਬਾਣੀ ਜੀਵਨ ਜਿਉਣ ਤੇ ਰੱਬੀ ਮਾਰਗ ਦੇ


© Copyright @ Authors

ਮਾਰਗ ਦਰਸ਼ਨ ਨਾਲ ਭਰਪੂਰ ਹੈ। ਗੁਰੂ ਜੀ ਅਸਲ ਵਿੱਚ ਕਰਮਯੋਗੀ ਸਨ। ਸੰਸਾਰ ਵਿੱਚ ਰਹਿ ਕੇ ਵਿਅਕਤੀ ਉਸਤਤਿ,ਮਾਨ ਦੀ ਪ੍ਰਾਪਤੀ ਕਰਨਾ ਚਾਹੁੰਦਾ ਹੈ ਅਜਿਹਾ ਮਨੁੱਖ ਦੁਨਿਆਵੀ ਹੈ ਪਰ ਅਧਿਆਤਮਕ ਮਨੁੱਖ ਅਜਿਹੀ ਬਿਰਤੀ ਤੋਂ ਨਿਰਲੇਪ ਰਹਿੰਦਾ ਹੈ।

ਸੁਖੁ ਦੁਖੁ ਦੋਨੋ ਸਮ ਕਰਿ ਜਾਨੈ ਅਉਰੁ ਮਾਨੁ ਅਪਮਾਨਾ॥

ਹਰਖ ਸੋਗ ਤੇ ਰਹੈ ਅਤੀਤਾ ਤਿਨਿ ਜਗਿ ਤਤੁ ਪਛਾਨਾ॥

ਉਸਤਤਿ ਨਿੰਦਾ ਦੋਊ ਤਿਆਗੈ ਖੋਜੈ ਪਦੁ ਨਿਰਬਾਨਾ॥

ਜਨ ਨਾਨਕ ਇਹੁ ਖੇਲੁ ਕਠਿਨ ਹੈ ਕਿਨਹੂੰ ਗੁਰਮੁਖਿ ਜਾਨਾ॥ [7]

ਗੁਰੂ ਜੀ ਦੀ ਬਾਣੀ ਮਨ ਨੂੰ ਸਾਧਨ ਅਤੇ ਮਾਰ ਕੇ ਚੰਚਲ ਬਿਰਤੀਆਂ ਤੋਂ ਨਿਰਲੇਪ ਰਹਿਣ ਦਾ ਸੰਦੇਸ਼ ਦਿੰਦੀ ਹੈ। ਗੁਰੂ ਜੀ ਨੇ ਮਨੁੱਖ ਨੂੰ ਹੰਕਾਰ ਤਿਆਗ ਕੇ ਹਰੀ ਨਾਮ ਦਾ ਉਪਦੇਸ਼ ਮਨ ਵਿੱਚ ਵਸਾਉਣ ਦਾ ਸੁਨੇਹਾ ਦਿੱਤਾ ਹੈ ਕਿਉਂਕਿ ਹੰਕਾਰ ਤਿਆਗ ਕੇ ਹੀ ਪਰਮਾਤਮਾ ਦਾ ਮਿਲਾਪ ਹੁੰਦਾ ਹੈ। ਇਸ ਲਈ ਹੀ ਪੰਜ ਵਿਕਾਰ ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ ਨੂੰ ਤਿਆਗ ਕੇ ਨਾਮ ਜਪਣ ਅਤੇ ਮੰਨਣ 'ਤੇ ਜੋਰ ਦਿੱਤਾ ਗਿਆ ਹੈ।

ਸਾਧੋ ਮਨ ਕਾ ਮਾਨ ਤਿਆਗਉ

ਕਾਮ ਕ੍ਰੋਧ ਸੰਗਤਿ ਦੁਰਜਨ ਕੀ

ਤਾਂ ਤੇ ਅਹਿਨਿਸਿ ਭਾਗਉ॥ [8]

ਗੁਰੂ ਜੀ ਦੀ ਸਮੁੱਚੀ ਬਾਣੀ ਸੰਸਾਰਿਕ ਪਦਾਰਥਾਂ ਦਾ ਮੋਹ ਤਿਆਗ ਕੇ ਸੰਸਾਰਿਕ ਵਸਤਾਂ ਦੀ ਅਸਥਿਰਤਾ ਦਾ ਗਿਆਨ ਪ੍ਰਦਾਨ ਕਰਦੇ ਹੋਏ ਸੰਸਾਰਕ ਚੀਜਾਂ ਦੇ ਮੋਹ ਨੂੰ ਤਿਆਗਣ ਲਈ ਸੁਚੇਤ ਕਰਦੀ ਹੈ ਅਤੇ ਮਨੁੱਖੀ ਜੀਵਨ ਦੀ ਅਸਥਿਰਤਾ ਵਲ ਇਸ਼ਾਰਾ ਕਰਦਿਆਂ ਜੀਵਨ ਨੂੰ ਛਿਣ ਭਰ ਹੀ ਮੰਨਦੇ ਹੋਏ ਜੱਗ ਨੂੰ ਚੱਲੋ ਚੱਲੀ ਦਾ ਮੇਲਾ ਦਰਸਾਉਦਿਆਂ ਨਾਸ਼ਵਾਨਤਾ ਦਾ ਸੰਦੇਸ਼ ਦਿੱਤਾ ਗਿਆ ਹੈ।

ਜੈਸੇ ਜਲ ਤੇ ਬੁਦਬੁਦਾ ਉਪਜੈ ਬਿਨਸੈ ਨੀਤ।

ਜਗ ਰਚਨਾ ਤੈਸੇ ਰਚੀ ਕਹੁ ਨਾਨਕ ਸੁਨ ਮੀਤ। [9]

ਨਿਸ਼ਕਰਸ਼ :-

ਇਸ ਪ੍ਰਕਾਰ ਗੁਰੂ ਜੀ ਦੀ ਸ਼ਖ਼ਸੀਅਤ ਬਹੁ-ਭਾਂਤੀ ਅਤੇ ਅਨੂਠੀ ਹੈ ਜੋ ਕਿ ਤਿਆਗ , ਸ਼ਾਂਤੀ ਦਾ ਮਾਰਗ ਚੁਣਦੀ ਹੈ ਅਤੇ ਉਸ 'ਤੇ ਅਮਲ ਕਰਨ ਦੀ ਪ੍ਰੇਰਨਾ ਦਿੰਦੀ ਹੈ। ਗੁਰੂ ਜੀ ਦਾ ਸਮੁੱਚਾ ਜੀਵਨ ਅਤੇ ਉਹਨਾਂ ਦੀ ਬਾਣੀ ਵਿਲੱਖਣਤਾ ਭਰਪੂਰ ਹੈ। ਉਹਨਾਂ ਦੀ ਸ਼ਖ਼ਸੀਅਤ ਜੀਵਨ ਵਿੱਚ ਸਾਦਗੀ ਤੇ ਸੁੱਚਮਤਾ ਭਰਪੂਰ ਜੀਵਨ ਜੀਉਣ ਦੇ ਸਮਰੱਥ ਬਣਾਉਂਦੀ ਹੈ।ਉਹ ਧਾਰਮਿਕ ਸੰਕੀਰਣਤਾ ਵਿਚੋਂ ਕੱਢ ਕੇ ਸਰਬ ਸਾਂਝੀਵਾਲਤਾ ਦਾ ਪਾਠ ਪੜ੍ਹਾਉਂਦੇ ਹਨ। ਜਿੱਥੇ ਉਹ ਸੱਤਾਧਾਰੀ ਸ਼ਕਤੀਆਂ ਵਿਰੁੱਧ ਭੈ ਹੀਣ ਜੀਵਨ ਜੀਉਣ ਦਾ ਉਪਦੇਸ਼ ਦਿੰਦੇ ਹਨ ਉੱਥੇ ਹੀ ਉਹ ਹੱਥੀਂ ਕਾਰ ਕਰਕੇ ਵੰਡ ਛੱਕਣ ਦਾ ਉਪਦੇਸ਼ ਵੀ ਦਿੰਦੇ ਹਨ। ਉਹਨਾਂ ਦੀ ਬਾਣੀ ਵਿੱਚ ਵਿਲਾਸਤਾ ਭਰਪੂਰ ਜੀਵਨ ਤਿਆਗ ਕੇ ਮੋਹ-ਮਾਇਆ ਦੇ ਬੰਧਨਾਂ ਤੋਂ ਨਿਰਲੇਪਤਾ ਅਤੇ ਪ੍ਰਭੂ-ਚਰਨਾਂ ਵਿੱਚ ਚਿੱਤ ਜੋੜਣ ਦੇ ਹਵਾਲੇ ਵਾਰ ਵਾਰ ਦ੍ਰਿਸ਼ਟੀਗੋਚਰ ਹੁੰਦੇ ਹਨ। ਇਸ ਲਈ ਗੁਰੂ ਜੀ ਦੀ ਸ਼ਖ਼ਸੀਅਤ ਲਾਸਾਨੀ,ਅਦੁੱਤੀ ਅਤੇ ਵਿਲੱਖਣ ਹੈ।

**ਹਵਾਲੇ ਔਰ ਟਿੱਪਣੀਆਂ :-**


1. ਸ੍ਰੀ ਗੁਰੂ ਗ੍ਰੰਥ ਸਾਹਿਬ,ਰਾਗ ਧਨਾਸਰੀ ਮਹਲਾ ਪੰਜਵਾਂ ਅੰਗ 679-680.
2. ਐਮ. ਜੀ ਗੁਪਤਾ,ਗੁਰੂ ਤੇਗ ਬਹਾਦਰ ਹਿੰਦ ਦੀ ਚਾਦਰ, ਲੋਕਗੀਤ ਪ੍ਰਕਾਸ਼ਨ, ਸਰਹੰਦ ਮੰਡੀ, 1995 ਪੰਨਾ ਨੰ:42
3. ਕਵੀ ਸੈਨਾਪਤਿ,ਸ੍ਰੀ ਗੁਰੂ ਸੋਭਾ, ਪੰਜਾਬੀ ਯੂਨੀਵਰਸਿਟੀ, ਪਟਿਆਲਾ 1980,ਬੰਦ 14-15
4. ਡਾ. ਤਰਲੋਚਨ ਸਿੰਘ," ਸ੍ਰੀ ਗੁਰੂ ਤੇਗ ਬਹਾਦਰ" (ਅੰਗਰੇਜ਼ੀ) ਪੰਨਾ 7
5. ਸ੍ਰੀ ਗੁਰੂ ਗ੍ਰੰਥ ਸਾਹਿਬ, ਸਲੋਕ ਮਹਲਾ 9,ਸਲੋਕ-16 ਅੰਗ 1427
6. ਸ੍ਰੀ ਗੁਰੂ ਗੋਬਿੰਦ ਸਿੰਘ, ਬਚਿਤ੍ਰ ਨਾਟਕ, ਪੰਜਵਾਂ ਅਧਿਆਇ,ਚੌਪਈ 13, 1686
7. ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਮਹਲਾ-9- ਅੰਗ 219
8. ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਮਹਲਾ-9- ਅੰਗ 219
9. ਸ੍ਰੀ ਗੁਰੂ ਗ੍ਰੰਥ ਸਾਹਿਬ,ਸਲੋਕ ਮਹਲਾ 9, ਸਲੋਕ-25 ਅੰਗ 1427



© Copyright @ Authors